# ਸਮਾਨ ਸੰਬੰਧੀ ਸੀਮਾਵਾਂ
# ਕੈਦੀਆਂ ਲਈ ਜਾਣਕਾਰੀ

ਤੁਹਾਡੀਆ ਕੀਮਤੀ ਚੀਜਾ ਦੋ ਮਿਆਰੀ ਬਕਸਿਆਂ ਵਿੱਚ ਫਿੱਟ ਹੋਣੀਆ ਚਾਹੀਦੀਆ ਹਨ| ਸੁਰੱਖਿਆ ਕਾਰਨਾਂ ਕਰਕੇ ਇਸਦੀ ਇੱਕ ਸੀਮਾ ਹੈ।

ਇੱਥੇ ਉਹਨਾਂ ਚੀਜ਼ਾਂ ਦੀ ਇੱਕ ਛੋਟੀ ਜਿਹੀ ਸੂਚੀ ਹੈ ਜੋ ਤੁਸੀਂ ਰੱਖ ਸਕਦੇ ਹੋ ਜਿਨ੍ਹਾਂ ਨੂੰ ਬਕਸੇ ਵਿੱਚ ਪਾਉਣਦੀ ਵੀ ਜਰੂਰਤ ਨਹੀਂ ਹੈ (ਜਿਵੇਂ ਕਿ ਕਾਨੂੰਨੀ ਕਾਗਜ਼ਾਤ ਅਤੇ, ਜੇਕਰ ਸਹਿਮਤੀ ਹੋਵੇ, ਤਾ ਇੱਕ ਸੰਗੀਤ ਯੰਤਰ)।




ਜੇਕਰ ਤੁਹਾਡੇ ਕੋਲ ਦੋ ਤੋਂ ਵੱਧ ਬਕਸੇ ਹਨ, ਤਾਂ ਤੁਹਾਨੂੰ ਪਰਿਵਾਰ ਅਤੇ ਦੋਸਤਾਂ ਨੂੰ ਦੇਖਭਾਲ ਲਈ ਚੀਜ਼ਾਂ ਸੌਂਪਣ ਜਾਂ ਭੇਜਣ ਲਈ ਕਿਹਾ ਜਾਵੇਗਾ। ਜੇਕਰ ਅਜਿਹਾ ਨਹੀਂ ਹੁੰਦਾ ਹੈ, ਤਾਂ ਚੀਜਾ ਸਟੋਰ ਕਰਨ ਲਈ ਭੇਜੀਆਂ ਜਾ ਸਕਦੀਆਂ ਹਨ ਅਤੇ ਤੁਸੀਂ ਉਹਨਾਂ ਨੂੰ ਘੱਟੋ-ਘੱਟ 12 ਮਹੀਨਿਆਂ ਲਈ ਵਾਪਸ ਨਹੀਂ ਲੈ ਸਕੋਗੇ।

ਜੇਕਰ ਤੁਸੀਂ ਕਿਸੇ ਹੋਰ ਜੇਲ੍ਹ ਵਿੱਚ ਚਲੇ ਜਾਂਦੇ ਹੋ, ਤਾਂ ਤੁਸੀਂ ਸਿਰਫ਼ ਦੋ ਡੱਬੇ ਆਪਣੇ ਨਾਲ ਲੈ ਜਾ ਸਕੋਗੇ, ਨਾਲ ਹੀ ਕਾਨੂੰਨੀ ਕਾਗਜ਼ਾਤ ਵਰਗੀਆਂ ਜਰੂਰੀ ਚੀਜ਼ਾਂ। ਤੁਸੀਂ ਸ਼ੈਂਪੂ ਅਤੇ ਭੋਜਨ ਵਰਗੀਆਂ ਚੀਜ਼ਾਂ ਵਾਸਤੇ ਹੋਰ ਅੱਧਾ ਡੱਬਾ ਵੀ ਨਾਲ ਲੈ ਸਕਦੇ ਹੋ।

ਤੁਹਾਡੇ ਕੋਲ ਜੇਕਰ ਕੁਝ ਹੋਰ ਵੀ ਹੈ ਤੁਹਾਨੂੰ ਉਸ ਨੂੰ ਬਾਅਦ ਲੈਣ ਦੀ ਲੋੜ ਹੋਵੇਗੀ ਜਾਂ ਉਸਨੂੰ ਸਟੋਰ ਕਰਨ ਲਈ ਭੇਜੀਆ ਜਾ ਸਕਦਾ ਹੈ।

**ਤੁਹਾਡੀ ਜਾਇਦਾਦ ਸਾਡੇ ਲਈ ਮਹੱਤਵਪੂਰਨ ਹੈ। ਇਸਦੀ ਸਭ ਤੋਂ ਵਧੀਆ ਦੇਖਭਾਲ ਕੀਤੀ ਜਾ ਸਕਦੀ ਹੈ ਜੇਕਰ ਅਸੀਂ ਆਪਣੀਆ ਸੀਮਾਵਾਂ ਤੇ ਬਣੇ ਰਹਿੰਦੇ ਹਾਂ।**